**ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦਪੰਜਾਬ ,**

ਛੇਵੀਂ ਮੰਜ਼ਿਲ-ਫੇਜ਼ ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪ ,ਈ-ਬਲਾਕ ,8,

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ-:0172-2212221

Azadi Ka Amrit Mahotsav

**ਵੱਲ**

(ਈ-ਮੇਲ/ਨੋਟਿਸ ਬੋਰਡ ਰਾਹੀਂ)

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),

ਸਮੂਹ ਜਿਲ੍ਹਾ ਪ੍ਰੀਖਿਆ ਨੋਡਲ ਅਫਸਰ,

ਸਮੂਹ ਸਕੂਲ ਮੁੱਖੀ (ਮਿਡਲ/ਹਾਈ/ਸੈ.ਸਿ)

ਪੰਜਾਬ।

ਮੀਮੋ ਨੰਬਰ : E-593080/ਪ੍ਰੀ-7/10

ਮਿਤੀ : ਐਸ.ਏ.ਐਸ.ਨਗਰ, 21.03.2024

**ਵਿਸ਼ਾ: NMMS ਅਤੇ PSTSE (ਜਮਾਤ 8ਵੀਂ) ਦੀ ਸਾਂਝੀ ਵਜੀਫਾ ਪ੍ਰੀਖਿਆ-2023 ਤੇ PSTSE-2023 (ਜਮਾਤ 10ਵੀਂ) ਵਜੀਫਾ ਪ੍ਰੀਖਿਆ ਸੰਬੰਧੀ ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 NMMS ਤੇ PSTSE-2023(ਜਮਾਤ ਅੱਠਵੀਂ) ਦੀ ਸਾਂਝੀ **ਵਜੀਫਾ** ਪ੍ਰੀਖਿਆ ਤੇ PSTSE -2023 (ਜਮਾਤ 10ਵੀਂ) ਪ੍ਰੀਖਿਆ ਮਿਤੀ 31.03.2024 ਦਿਨ ਐਤਵਾਰ ਸਮਾਂ ਸਵੇਰੇ 10:00 ਵਜੇ ਤੋਂ ਦੁਪਹਿਰ 01:00 ਵਜੇ ਤੱਕ ਕਰਵਾਈ ਜਾਣੀ ਹੈ।

3.0 ਇਸ ਪ੍ਰੀਖਿਆ ਲਈ ਰਜਿਸਟਰ ਹੋਏ ਪ੍ਰੀਖਿਆਰਥੀਆਂ ਦੇ ਰੋਲ ਨੰਬਰ ਸਕੂਲਾਂ ਵੱਲੋਂ ਆਪਣੇ ਪੱਧਰ ਤੇ ਸਕੂਲ ਲਾਗ-ਇੰਨ ਆਈ-ਡੀ ਤੇ ਲਾਗ-ਇੰਨ ਕਰਕੇ ਡਾਊਨਲੋਡ ਕੀਤੇ ਜਾ ਸਕਦੇ ਹਨ ।ਇਸ ਸੰਬੰਧੀ ਲਿੰਕ ਈ-ਪੰਜਾਬ ਸਕੂਲ ਪੋਰਟਲ ਤੇ ਲਾਈਵ ਕਰ ਦਿੱਤਾ ਗਿਆ ਹੈ । ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਇਹ ਰੋਲ ਨੰਬਰ ਡਾਊਨਲੋਡ ਕਰਕੇ ਪ੍ਰੀਖਿਆਰਥੀਆਂ ਨੂੰ ਦਿੱਤੇ ਜਾਣ ਅਤੇ ਪ੍ਰੀਖਿਆ ਵਿੱਚ ਪ੍ਰੀਖਿਆਰਥੀਆਂ ਦੀ 100% ਹਾਜ਼ਰੀ ਯਕੀਨੀ ਬਣਾਈ ਜਾਵੇ।

4.0 ਪ੍ਰੀਖਿਆਰਥੀਆਂ ਦੀ ਹਾਜ਼ਰੀ ਸ਼ੀਟ ਅਤੇ ਪ੍ਰੀਖਿਆ ਨਾਲ ਸੰਬੰਧਿਤ ਕੁੱਝ ਹਦਾਇਤਾਂ ਅਤੇ ਪ੍ਰਫਾਰਮੇ (ਨਾਲ ਨੱਥੀ) ਆਪ ਜੀ ਨੂੰ ਭੇਜੇ ਜਾ ਰਹੇ ਹਨ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਹਾਜ਼ਰੀ ਸ਼ੀਟ, ਹਦਾਇਤਾਂ ਅਤੇ ਪ੍ਰਫਾਰਮੇ ਆਪਣੇ ਜਿਲ੍ਹੇ ਦੇ ਸੰਬੰਧਿਤ ਪ੍ਰੀਖਿਆ ਕੇਂਦਰਾਂ ਨੂੰ ਫਾਰਵਰਡ ਕੀਤੇ ਜਾਣ।

5.0 ਪ੍ਰੀਖਿਆ ਵਿੱਚ ਲਗਾਏ ਅਮਲੇ( ਸੁਪਰਡੈਂਟ, ਡਿਪਟੀ ਸੁਪਰਡੈਂਟ, ਨਿਗਰਾਨ) ਦੀ ਡਿਊਟੀ ਉਸ ਪ੍ਰੀਖਿਆ ਕੇਂਦਰ ਵਿੱਚ ਨਾਂ ਲਗਾਈ ਜਾਵੇ ਜਿੱਥੇ ਉਹ ਸੇਵਾਵਾਂ ਨਿਭਾ ਰਿਹਾ ਹੈ।

**ਨੱਥੀ** : ਰਜਿਸਟਰ ਹੋਏ ਪ੍ਰੀਖਿਆਰਥੀਆਂ ਦੀ ਹਾਜ਼ਰੀ ਸ਼ੀਟ , ਪ੍ਰੀਖਿਆ ਨਾਲ ਸੰਬੰਧਿਤ ਹਦਾਇਤਾਂ ਅਤੇ ਪ੍ਰਫਾਰਮੇ।

ਸਹਾਇਕ ਡਾਇਰੈਕਟਰ,

ਐਸ.ਸੀ.ਈ.ਆਰ.ਟੀ, ਪੰਜਾਬ।